


## ਜਨਮ ਤੋਂ ਲੈ ਕੇ 3.5 ਸਾਲ ਦੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮਸਤੀ ਭਰੇ, ਮੁਫ਼ਤ ਅਤੇ ਸਭ ਨੂੰ ਸ਼ਾਮਲ ਕਰਨ ਵਾਲੇ ਖੇਡਣ ਅਤੇ ਸਿੱਖਣ ਦੇ ਸੈਸ਼ਨ

KindyLinQ ਇੱਕ ਮੁਫ਼ਤ, ਖੇਡ-ਅਧਾਰਿਤ ਪ੍ਰੋਗਰਾਮ ਹੈ, ਜੋ ਪਲੇਅ-ਗਰੁੱਪ ਵਾਂਗ ਚਲਾਇਆ ਜਾਂਦਾ ਹੈ, ਜਿਸ ਵਿੱਚ ਪਰਿਵਾਰ ਅਤੇ ਬੱਚੇ ਕਿੰਡਰਗਾਰਟਨ ਤੋਂ ਪਹਿਲਾਂ ਦੇ ਸ਼ੁਰੂਆਤੀ ਸਾਲਾਂ ਵਿੱਚ ਸ਼ਾਮਲ ਹੋ ਸਕਦੇ ਹਨ।

ਇਹ ਪ੍ਰੋਗਰਾਮ KindyLinQ ਕਰਮਚਾਰੀਆਂ ਦੁਆਰਾ ਚਲਾਇਆ ਜਾਂਦਾ ਹੈ ਅਤੇ ਇਹ ਪਰਿਵਾਰਾਂ ਨੂੰ ਇੱਕ ਸੁਰੱਖਿਅਤ, ਸੁਆਗਤੀ ਅਤੇ ਆਨੰਦਮਈ ਮਾਹੌਲ ਪ੍ਰਦਾਨ ਕਰਦਾ ਹੈ, ਜਿੱਥੇ ਉਹ ਆਪਣੇ ਬੱਚਿਆਂ ਨਾਲ ਇੱਕੱਠੇ  ਸ਼ੁਰੂਆਤੀ ਸਿੱਖਣ ਦੇ ਤਜ਼ਰਬਿਆਂ ਵਿੱਚ ਹਿੱਸਾ ਲੈ ਸਕਦੇ ਹਨ।

ਇਹ ਪ੍ਰੋਗਰਾਮ ਸਕੂਲ ਟਰਮਾਂ ਦੌਰਾਨ ਚੱਲਦਾ ਹੈ। ਇਸ ਵਿੱਚ ਭਾਗ ਲੈਣਾ ਸਵੈਇੱਛਤ ਹੈ ਅਤੇ ਪਰਿਵਾਰ ਹਮੇਸ਼ਾ ਆਪਣੇ ਬੱਚੇ/ਬੱਚਿਆਂ ਨਾਲ ਹਾਜ਼ਰ ਹੁੰਦੇ ਹਨ। ਜਗ੍ਹਾ ਅਨੁਸਾਰ ਦਿਨ ਅਤੇ ਸਮੇਂ ਵੱਖ-ਵੱਖ ਹੋ ਸਕਦੇ ਹਨ।

KindyLinQ ਸੈਸ਼ਨ ਸਬੂਤ-ਅਧਾਰਿਤ ਪ੍ਰੋਗਰਾਮਾਂ ਅਤੇ ਤਰੀਕਿਆਂ 'ਤੇ ਅਧਾਰਿਤ ਹੁੰਦੇ ਹਨ, ਜਿਸ ਵਿੱਚ ਸ਼ੁਰੂਆਤੀ ਸਾਲਾਂ ਦਾ ਸਿਖਲਾਈ ਢਾਂਚਾ (Early Years Learning Framework) ਸ਼ਾਮਲ ਹੈ।

### ਬੱਚਿਆਂ ਅਤੇ ਪਰਿਵਾਰਾਂ ਲਈ ਲਾਭ

ਪਰਿਵਾਰ ਬੱਚਿਆਂ ਦੇ ਵਿਕਾਸ ਲਈ ਅਤੇ ਸਿੱਖਣ ਯੋਗ ਮਾਹੌਲ ਬਣਾਉਣ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। KindyLinQ ਪਰਿਵਾਰਾਂ ਨੂੰ ਆਪਣੇ ਬੱਚੇ ਦੀ ਸਿੱਖਿਆ ਦਾ ਘਰ ਵਿੱਚ ਸਮਰਥਨ ਕਰਨ ਲਈ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ।

ਇਹ ਪ੍ਰੋਗਰਾਮ ਬੱਚਿਆਂ ਦੇ ਕਿੰਡਰਗਾਰਟਨ ਸ਼ੁਰੂ ਕਰਨ ਤੋਂ ਪਹਿਲਾਂ ਦੇ ਸ਼ੁਰੂਆਤੀ ਸਾਲਾਂ ਵਿੱਚ ਸਿੱਖਣ, ਵਿਕਾਸ ਅਤੇ ਸ਼ਮੂਲੀਅਤ ਦਾ ਸਮਰਥਨ ਕਰਦਾ ਹੈ।

KindyLinQ ਦਾ ਗ਼ੈਰ-ਰਸਮੀ, ਪਰਿਵਾਰ-ਕੇਂਦ੍ਰਿਤ ਤਰੀਕਾ ਪਰਿਵਾਰਾਂ ਨੂੰ ਇੱਕ ਵਿਦਿਅਕ ਮਾਹੌਲ ਵਿੱਚ ਸਿੱਖਿਅਕਾਂ ਨਾਲ ਗੱਲਬਾਤ ਕਰਨ ਵਿੱਚ ਸਹਿਜ ਬਣਾਉਣ ਵਿੱਚ ਮੱਦਦ ਕਰਦਾ ਹੈ।

ਇਹ ਪ੍ਰੋਗਰਾਮ ਪਰਿਵਾਰਾਂ ਲਈ ਘਰ, ਸਕੂਲ, ਸ਼ੁਰੂਆਤੀ ਬਚਪਨ ਦੀਆਂ ਸੇਵਾਵਾਂ ਅਤੇ ਭਾਈਚਾਰੇ ਵਿਚਕਾਰ ਮਜ਼ਬੂਤ ਅਤੇ ਸਹਿਯੋਗੀ ਸੰਬੰਧ ਬਣਾਉਂਦਾ ਹੈ।

### ਖੇਡ ਰਾਹੀਂ ਸਿੱਖਣਾ

KindyLinQ ਨਿਗਰਾਨੀ ਹੇਠ ਪਲੇਅਗਰੁੱਪ ਮਾਡਲ 'ਤੇ ਅਧਾਰਿਤ ਹੈ।

KindyLinQ ਵਿਖੇ, ਬੱਚੇ ਇੱਕ ਦੇਖਭਾਲ ਕਰਨ ਵਾਲੇ ਬਾਲਗ ਦੇ ਸਮਰਥਨ ਅਤੇ ਮਾਰਗਦਰਸ਼ਨ ਨਾਲ ਹੱਥੀਂ ਅਨੁਭਵਾਂ ਰਾਹੀਂ ਸਿੱਖਦੇ ਹਨ। ਬੱਚੇ ਅਜਿਹੇ ਹੁਨਰ ਸਿੱਖਣਗੇ ਜੋ ਉਹਨਾਂ ਨੂੰ ਹੁਣ ਅਤੇ ਬਾਅਦ ਵਿੱਚ ਸਿੱਖਣ ਵਿੱਚ ਸਹਾਇਤਾ ਕਰਨਗੇ, ਜਿਸ ਵਿੱਚ ਸਮਾਜ ਵਿੱਚ ਵਿਚਰਨਾ, ਆਪਣੀਆਂ ਭਾਵਨਾਵਾਂ ਨੂੰ ਸੰਭਾਲਣਾ ਅਤੇ ਭਾਸ਼ਾ ਦੇ ਹੁਨਰ ਵਿਕਸਤ ਕਰਨਾ ਸ਼ਾਮਲ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਆਪਣੇ ਵਿਚਾਰਾਂ ਅਤੇ ਜ਼ਰੂਰਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਦੱਸ ਸਕਣ।

KindyLinQ ਪਰਿਵਾਰਾਂ ਨੂੰ ਮਾਨਤਾ ਪ੍ਰਾਪਤ ਕਿੰਡਰਗਾਰਟਨ ਪ੍ਰਦਾਤਾਵਾਂ ਨਾਲ ਜੋੜਨ ਵਿੱਚ ਵੀ ਸਹਾਇਤਾ ਕਰਦਾ ਹੈ।

**KindyLinQ ਦੀ ਪੇਸ਼ਕਸ਼ ਕਰਨ ਵਾਲੇ ਸਥਾਨਾਂ ਦੀ ਪੂਰੀ ਸੂਚੀ ਅਰਲੀ ਚਾਈਲਡਹੁੱਡ ਐਜੂਕੇਸ਼ਨ ਐਂਡ ਕੇਅਰ ਵੈੱਬਸਾਈਟ 'ਤੇ ਦੇਖੋ ਅਤੇ ਆਪਣੀ ਜਗ੍ਹਾ ਪੱਕੀ ਕਰੋ।**